Roll No. | | | | | | | |

**Series RKM** **Code No. 6**

- Please check that this question paper contains 4 printed pages.
- Code number given on the right hand side of the question paper should be written on the title page of the answer-book by the candidate.
- Please check that this question paper contains 11 questions.
- Please write down the serial number of the question before attempting it.

# PUNJABI

# ਪੰਜਾਬੀ

*Time allowed : 3 hours* *Maximum Marks : 100*

*ਸਮਾਂ ਸੀਮਾਂ : 3 ਘੰਟੇ* *ਪੂਰਨ ਅੰਕ : 100*

*ਨੋਟ :* *ਲਿਖਾਈ ਸੁਧ, ਸੁੰਦਰ ਅਤੇ ਖੁੱਲ੍ਹੀ-ਖੁੱਲ੍ਹੀ ਕਰਨ ਦਾ ਜਤਨ ਕਰੋ ।*
*ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।*

## ਭਾਗ ੳ

1. (ੳ) ਹੇਠ ਲਿਖਿਆਂ ਨੂੰ ਦਿੱਤੀਆਂ ਹਿਦਾਇਤਾਂ ਅਨੁਸਾਰ ਹੱਲ ਕਰੋ :

(i) ਸ੍ਵੈ (ਅਗੇਤਰ ਲਾ ਕੇ ਦੋ ਸ਼ਬਦ ਬਣਾਓ) 1

(ii) ਬਾਜ਼ (ਪਿਛੇਤਰ ਲਾ ਕੇ ਦੋ ਸ਼ਬਦ ਬਣਾਓ) 1

(iii) ਗ਼ਰੀਬ ਨੂੰ ਮਾਰ (ਸਮਾਸੀ ਸ਼ਬਦ ਬਣਾਓ) 1

(ਅ) ਹੇਠ ਲਿਖੇ ਵਾਕ ਵਿੱਚ ਕੇਵਲ ਨਾਂਵ ਸ਼ਬਦਾਂ ਦੀ ਪਦ-ਵੰਡ ਕਰੋ : 3

ਸਰਵੇਸ਼ ਨੇ ਗਾਂ ਨੂੰ ਛੋਲੇ ਖੁਆਏ ।

(ੲ) (i) ਇਹ ਦੋ ਮੁੰਡੇ ਤੇ ਤਿੰਨ੍ਹ ਕੁੜੀਆਂ ਸਕੂਲ ਦਾ ਨਾਂ ਚਮਕਾਉਣਗੇ । (ਵਾਕ ਸੁਧ ਕਰਕੇ ਲਿਖੋ) 1

(ii) ਭੂਮਿ, ਵਿਆਕਰਣ, ਭਾਰਤੀਯ, ਸੌਂਹਰਾ । (ਸ਼ਬਦਾਂ ਨੂੰ ਸੁਧ ਕਰਕੇ ਲਿਖੋ) $4\times\frac{1}{2}=2$

(ਸ) (i) ਆਪਣਾ ਬੱਚਾ ਸਭ ਨੂੰ ਪਿਆਰਾ ਹੁੰਦਾ ਹੈ । (ਪ੍ਰਸ਼ਨ ਵਾਕ ਬਣਾਓ)

(ii) ਮੈਂ ਚਾਹੁੰਦਾ ਹਾਂ ਵਿਆਕਰਨ ਛੇਤੀ ਛਪੇ । (ਸਧਾਰਨ ਵਾਕ ਬਣਾਓ)

(iii) ਉਹ ਜੂਆ ਖੇਡ ਕੇ ਕੰਗਾਲ ਹੋ ਗਿਆ । (ਸੰਜੁਕਤ ਵਾਕ ਬਣਾਓ) $1\times3=3$

(ਹ) ਹੇਠ ਲਿਖੇ ਪੈਰੇ ਨੂੰ ਵਿਸ਼ਰਾਮ ਚਿੰਨ੍ਹ ਲਾ ਕੇ ਲਿਖੋ । 3

ਇੱਕ ਸਿੱਖ ਨੇ ਸਤਿਗੁਰੂ ਜੀ ਨੂੰ ਕਿਹਾ ਸੱਚੇ ਪਾਤਸ਼ਾਹ ਮੈਂ ਬਾਣੀ ਪੜ੍ਹਦਾ ਹਾਂ ਭਜਨ ਕਰਦਾ ਹਾਂ ਫਿਰ ਵੀ ਮਨ ਕਿਉਂ ਭਟਕਦਾ ਹੈ ਸਤਿਗੁਰੂ ਜੀ ਨੇ ਫ਼ਰਮਾਇਆ ਭਾਈ ਸਿੱਖਾ ਜੋ ਤੂੰ ਕਰਦਾ ਹੈਂ ਕਰੀ ਚੱਲ ਗੁਰੂ ਭਲੀ ਕਰੇਗਾ ।

**2.** (ੳ) ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕੋਈ ***ਤਿੰਨ*** ਮੁਹਾਵਰੇ ਆਪਣੇ ਵਾਕਾਂ ਵਿੱਚ ਵਰਤ ਕੇ ਅਰਥ ਸਪਸ਼ਟ ਕਰੋ : 3×1=3

(i) ਈਨ ਮੰਨਣੀ

(ii) ਗਲ ਪਿਆ ਢੋਲ ਵਜਾਉਣਾ

(iii) ਇੱਕ ਅੱਖ ਨਾਲ ਵੇਖਣਾ

(iv) ਘਿਓ ਖਿਚੜੀ ਹੋਣਾ

(v) ਘਰ ਫੂਕ ਤਮਾਸ਼ਾ ਵੇਖਣਾ

(ਅ) ਹੇਠ ਲਿਖੇ ਅਖਾਣ ਕਿਹੜੇ ਵਿਸ਼ੇਸ਼ ਮੌਕਿਆਂ ਉੱਤੇ ਵਰਤੇ ਜਾਂਦੇ ਹਨ ? 2×1=2

(i) ਸਾਈਆਂ ਕਿਤੇ ਵਧਾਈਆਂ ਕਿਤੇ ।

(ii) ਕੁੱਤਾ ਰਾਜ ਬਹਾਲੀਐ ਫਿਰ ਚੱਕੀ ਚੱਟੈ ।

**3.** ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ***ਇੱਕ*** ਵਿਸ਼ੇ ਉੱਤੇ ਲਗਪਗ 300 ਸ਼ਬਦਾਂ ਦਾ ਲੇਖ ਲਿਖੋ : 12

(i) ਵਿਸ਼ਵਸਾਂਤੀ ਦੀ ਜ਼ਰੂਰਤ

(ii) ਨੌਜਵਾਨਾਂ ਵਿੱਚ ਵਧ ਰਹੀ ਨਸ਼ਿਆਂ ਦੀ ਵਰਤੋਂ

(iii) ਕੁਦਰਤੀ ਬਿਪਤਾਵਾਂ ਦੀ ਮਾਰ

(iv) ਸ੍ਰੇਸ਼ਟ ਧਰਮ ਇਨਸਾਨੀਅਤ

(v) ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ॥

**4.** ਪੰਜਾਬੀ ਦੇ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਹੜ੍ਹਾਂ ਨਾਲ ਪੀੜਤ ਲੋਕਾਂ ਦੀ ਮਦਦ ਲਈ ਅਪੀਲ ਕਰਨ ਵਾਸਤੇ ਪੱਤਰ ਲਿਖੋ । 8

**ਜਾਂ**

ਦਿੱਲੀ ਦੂਰ ਦਰਸ਼ਨ ਦੇ ਨਿਰਦੇਸ਼ਕ ਨੂੰ ਟੀ.ਵੀ. ਉੱਤੇ ਦਿਖਾਏ ਜਾ ਰਹੇ ਪ੍ਰਗਰਾਮਾਂ ਨੂੰ ਵਿਦਿਆਰਥੀਆਂ ਲਈ ਚੰਗੇਰਾ ਬਣਾਉਣ ਲਈ ਸੁਝਾਅ ਦਿਓ ।

5. ਹੇਠ ਲਿਖੇ ਪੈਰੇ ਨੂੰ ਸੰਖੇਪ ਕਰਕੇ ਲਿਖੋ ਅਤੇ ਢੁਕਵਾਂ ਸਿਰਲੇਖ ਵੀ ਦਿਓ : 2+8=10

ਇਹਸਾਸ ਵੀ ਉਹ ਹੀ ਕਰਵਾ ਸਕਦਾ ਹੈ ਜਿਸ ਨੂੰ ਉਸ ਦੇ ਵਿਗੜਨ ਦਾ ਦੁੱਖ ਹੈ, ਜਿਸ ਨੂੰ ਵਿਗਾੜੇ ਨੂੰ ਸੁਧਾਰਨ ਦੀ ਲੋੜ ਹੈ । ਜਿਹੜਾ ਉਸ ਦੀ ਤਰੱਕੀ ਦਾ ਚਾਹਵਾਨ ਹੈ, ਉਸ ਦਾ ਭਲਾ ਸੋਚਦਾ ਹੈ । ਉਹ ਉਸ ਨੂੰ ਨਮੂਣਾ ਦੇਵੇ ਇਹਸਾਸ ਕਰਾਏ ਕਿ ਚਿੱਕੜ ਵਿੱਚੋਂ ਬਾਹਰ ਆ ਜਾ । ਉਸ ਨੂੰ ਹੌਸਲਾ ਦੇਵੇ ਕਿ ਅਜੇ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆਂ, ਉਸ ਲਈ ਘਰ ਦੇ ਬੂਹੇ ਬੰਦ ਨਹੀਂ — 'ਭੁੱਲਾ ਉਹ ਨਾ ਜਾਣੀਏ ਜ ਮੁੜ ਘਰ ਆਵੇ' ਉਹ ਥੋੜਾ ਜਿਹਾ ਵੀ ਹੁੰਗਾਰਾ ਭਰੇ ਤਾਂ ਉਸ ਦੀ ਬਾਂਹ ਫੜ ਲਈ ਜਾਏ । ਉਸ ਨੂੰ ਇਹਸਾਸ ਕਰਾਇਆ ਜਾਏ ਕਿ ਉਹ ਬਹੁਤ ਕੁਝ ਕਰ ਸਕਦਾ ਹੈ । ਕਿਸੇ ਗ਼ਲਤੀ ਤੇ ਇਹ ਨਾ ਇਹਸਾਸ ਕਰਾਇਆ ਜਾਵੇ ਕਿ ਉਸ ਨੇ ਤਾਂ ਨੱਕ ਵਡਾ ਦਿੱਤੀ ਹੈ, ਕੋਈ ਕਿਸੇ ਨੂੰ ਮੂੰਹ ਵਿਖਾਉਣ ਜੋਗਾ ਨਹੀਂ ਰਿਹਾ । ਸਗੋਂ ਗ਼ਲਤੀ ਸੁਧਾਰਨ ਦੇ ਮੌਕੇ ਤੇ ਸਾਧਨ ਦਿੱਤੇ ਜਾਣ, ਰਾਹ ਦਿੱਤਾ ਜਾਏ ਅੱਗੇ ਵਧਣ ਦਾ, ਕਿਉਂਕਿ ਨਾ ਕੋਈ ਦੇਵਤਾ ਜੰਮਦਾ ਹੈ ਨਾ ਦੈਂਤ । ਇਹ ਤਾਂ ਉਸ ਦੇ ਕਰਮ ਹਨ, ਜੇ ਕੋਈ ਬਾਲਮੀਕ ਭਗਤੀ ਦਾ ਕਰਮ ਕਰਨ ਲੱਗ ਪਵੇ ਤਾਂ ਉਹ ਡਾਕੂ ਤੋਂ ਰਿਸ਼ੀ ਬਣ ਸਕਦਾ ਹੈ । ਬਸ ਲੋੜ ਉੱਦਮ ਦੀ ਹੈ ।'

## ਭਾਗ ਅ

6. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ-ਇੱਕ ਵਾਕ ਵਿੱਚ ਲਿਖੋ : 8×1=8

(i) ਡਾ. ਸਰਵਪੱਲੀ ਰਾਧਾ ਕ੍ਰਿਸ਼ਨਨ ਦਾ ਜਨਮ ਕਦੋਂ ਹੋਇਆ ?

(ii) ਗਦਰ ਲਹਿਰ ਦੇ ਮੋਢੀ ਕੌਣ ਸਨ ?

(iii) 'ਮੇਰਾ ਮਨੁ ਲੋਚੈ' ਕਿਸ ਗੁਰੂ ਜੀ ਦੀ ਰਚਨਾ ਹੈ ?

(iv) ਗੁਰੂ ਨਾਨਕ ਦੇਵ ਜੀ ਕਿਹੜੇ ਯੁੱਗ ਵਿੱਚ ਪਰਗਟ ਹੋਏ ?

(v) 'ਦਿਲਹੁ ਮੁਹਬਤਿ ਜਿਨ ਸੇਈ ਸਚਿਆ' ਕਿਸ ਦੇ ਸ਼ਬਦ ਹਨ ?

(vi) ਡਾ. ਬਲਬੀਰ ਸਿੰਘ ਦਾ ਕਿਹੜਾ ਲੇਖ ਤੁਹਾਡੀ ਪਾਠ-ਪੁਸਤਕ ਵਿੱਚ ਸ਼ਾਮਲ ਹੈ ?

(vii) ਪੰਜਾ ਸਾਹਿਬ ਦਾ ਪੁਰਾਣਾ ਨਾਂ ਕੀ ਸੀ ?

(viii) 'ਉਹ ਸੋਚਦੀ' ਕਹਾਣੀ ਕਿਸ ਦੀ ਲਿਖੀ ਹੋਈ ਹੈ ?

7. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਆਪਣੀਆਂ ਪਾਠ-ਪੁਸਤਕਾਂ ਦੇ ਆਧਾਰ ਤੇ 40 – 50 ਸ਼ਬਦਾਂ ਵਿੱਚ ਲਿਖੋ : 9×2=18

(i) 'ਖਾਕੂ ਵਿੱਚ ਸਮਾਵਣਾਂ' ਕਾਫ਼ੀ ਵਿੱਚ ਸ਼ਾਹ ਹੁਸੈਨ ਜੀ ਕੀ ਸੰਦੇਸ਼ ਦਿੰਦੇ ਹਨ ?

(ii) ਦਿੱਲੀ ਪਹੁੰਚਣ ਉੱਤੇ ਲੇਖਕ, ਡਾ. ਵਣਜਾਰਾ ਬੇਦੀ ਦੇ ਪਰਵਾਰ ਦੀ ਮਦੱਦ ਕਿਸ ਨੇ ਕੀਤੀ ਅਤੇ ਕਿਵੇਂ ਕੀਤੀ ?

(iii) ਕੂਕਾ ਲਹਿਰ ਦੇ ਬਾਨੀ ਸਤਿਗੁਰੂ ਰਾਮ ਸਿੰਘ ਜੀ ਨੇ ਮਾਂ-ਬੋਲੀ ਪੰਜਾਬੀ ਦੀ ਸਿੱਖਿਆ ਲਈ ਕੀ ਤਾਕੀਦ ਕੀਤੀ ।

(iv) ਜੇ ਤੁਸੀਂ ਜੀਤੀ ਦੀ ਥਾਂ ਹੁੰਦੇ ਤਾਂ ਤੁਹਾਡਾ ਵਿਹਾਰ ਕਿਸ ਤਰ੍ਹਾਂ ਦਾ ਹੁੰਦਾ ?

(v) ਮੁਖਤਿਆਰ ਸਿੰਘ ਦੇ ਪਿੱਛੋਂ ਰਲਾਰਾਮ ਅਤੇ ਹਰਨੇਕ ਸਿੰਹੁ ਕਿਸ ਤਰ੍ਹਾਂ ਦੀ ਗ਼ਸ਼ਤ ਉੱਤੇ ਗਏ ?

(vi) ਧਰਮਾਂ ਬਾਰੇ ਟਾਲਸਟਾਏ ਦੇ ਕੀ ਵਿਚਾਰ ਸਨ ?

(vii) ਬਿਦੇਸ਼ਾਂ ਵਿੱਚ ਭਾਰਤੀਆਂ ਨਾਲ ਹੁੰਦੇ ਦੁਰ-ਵਿਹਾਰ ਦਾ ਉਹਨਾਂ ਦੇ ਮਨਾਂ ਉੱਤੇ ਕੀ ਅਸਰ ਪਿਆ ?

(viii) ਗਾਂਧੀ ਜੀ ਨੇ ਡਾ. ਰਾਧਾ ਕ੍ਰਿਸ਼ਨਨ ਜੀ ਨੂੰ ਕਿਵੇਂ ਸਨਮਾਨਿਤ ਕੀਤਾ ?

(ix) ਗੁਰੂ ਤੇਗ ਬਹਾਦਰ ਜੀ ਨੇ ਅਨੰਦਪੁਰ, ਨਗਰ ਕਿਉਂ ਅਤੇ ਕਿੱਥੇ ਵਸਾਇਆ ?

8. ਹੇਠ ਲਿਖੇ ਪੈਰੇ ਦੇ ਆਧਾਰ ਉਤੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :

ਹੁਣ ਉਹਨਾਂ ਦੀ ਨਵੀਂ ਜ਼ਮੀਨ ਯੂ.ਪੀ. ਵਾਲੀ ਜ਼ਮੀਨ ਦਾ ਕੋਈ ਝਗੜਾ ਖੜਾ ਹੋ ਗਿਆ ਅਤੇ ਉਹ ਸਮਝਦੇ ਹਨ ਕਿ ਮੈਂ ਉਹਨਾਂ ਲਈ ਸਹਾਈ ਹੋ ਸਕਦਾ ਹਾਂ । ਝਗੜਾ ਵੀ ਉਹਨਾਂ ਦਾ ਕਿਸੇ ਹੋਰ ਨਾਲ ਨਹੀਂ, ਆਪਣੇ ਹੀ ਪਰਵਾਰ ਨਾਲ, ਆਪਣੇ ਹੀ ਪੁੱਤਰਾਂ ਨਾਲ, ਉਹਨਾਂ ਦੇ ਕਹਿਣ ਅਨੁਸਾਰ, "ਉਹ ਗੁੰਡੇ ਹਨ" ।

(i) ਇਹ ਸ਼ਬਦ ਕਿਸ ਪਾਠ ਵਿੱਚੋਂ ਹਨ ? ਪਾਠ ਦਾ ਨਾਂ ਅਤੇ ਲੇਖਕ ਦਾ ਨਾਂ ਵੀ ਲਿਖੋ । 1

(ii) ਕਿਸ ਦੀ ਜ਼ਮੀਨ ਦਾ ਕਿਸ ਨਾਲ ਝਗੜਾ ਖੜ੍ਹਾ ਹੋ ਗਿਆ ਸੀ ? 1

(iii) ਕੌਣ ਲੇਖਕ ਨੂੰ ਸਹਾਇਤਾ ਲਈ ਆਖਦਾ ਹੈ ? ਉਹ ਕਿਸ ਨੂੰ ਗੁੰਡੇ ਆਖਦਾ ਹੈ ਅਤੇ ਕਿਉਂ ? 2

9. 'ਕੋਊ ਨ ਨਿਬਹਿਓ ਸਾਥਿ' ਦਾ ਕੀ ਭਾਵ ਹੈ ? ਇਹ ਸ਼ਬਦ ਇਕਾਂਗੀ ਵਿੱਚ ਕੌਣ, ਕਦੋਂ ਅਤੇ ਕਿਸ ਲਈ ਕਹਿੰਦਾ ਹੈ ? ਇਕਾਂਗੀ ਵਿਚੋਂ ਉਦਾਹਰਨਾਂ ਦੇ ਕੇ ਲਿਖੋ । 5

10. ਆਪਣਾ ਘਰ ਵੇਖਕੇ ਲੇਖਕ ਬਲਰਾਜ ਸਾਹਨੀ ਭਾਵੁਕ ਕਿਉਂ ਹੋ ਜਾਂਦਾ ਹੈ ? ਉੱਤਰ 'ਮੇਰਾ ਪਾਕਿਸਤਾਨੀ ਸਫ਼ਰ ਨਾਮਾ' ਦੇ ਆਧਾਰ ਉੱਤੇ 120 – 125 ਸ਼ਬਦਾਂ ਵਿੱਚ ਲਿਖੋ । 5

11. ਹੇਠ ਲਿਖੇ ਕਾਵਿ-ਬੰਦਾਂ ਦੇ ਆਧਾਰ ਉੱਤੇ ਹੇਠਾਂ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਧਨੁ ਜੋਬਨੁ ਦੁਇ ਵੈਰੀ ਹੋਏ ਜਿਨੀ ਰਖੇ ਰੰਗੁ ਲਾਇ ॥
ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ ॥
ਜੇ ਤਿਸੁ ਭਾਵੈ ਦੇ ਵਡਿਆਈ ਜੇ ਭਾਵੈ
ਦੇਇ ਸਜਾਇ ॥

(i) ਇਹ ਸ਼ਬਦ ਕਿਸ ਗੁਰੂ ਸਾਹਿਬ ਜੀ ਦੇ ਹਨ ਅਤੇ ਬਾਣੀ ਦਾ ਨਾਂ ਵੀ ਲਿਖੋ । 1

(ii) ਦੂਤ ਕੌਣ ਸਨ, ਜਿਨ੍ਹਾਂ ਨੇ ਜੋਬਨਵੰਤੀਆਂ ਦੀ ਪੱਤ ਲੁੱਟੀ ? 1

(iii) ਗੁਰੂ ਜੀ ਕਿਸ ਨੂੰ ਸ਼ਕਤੀਸ਼ਾਲੀ ਮੰਨਦੇ ਹਨ, ਜਿਸਨੂੰ ਵਡਿਆਈ ਦੇਣ ਜਾਂ ਸਜਾ ਦੇਣ ਦਾ ਅਧਿਕਾਰ ਹੈ ? 2

(iv) 'ਪਤਿ ਗੁਆਇ' ਦਾ ਵਾਕ ਬਣਾਓ । 1

(ਅ) 'ਭੈਣ ਕਹਾਂ ਤਾਂ ਦਸਣਾ ਪੈਂਦੈ
ਆਪਣੀ ਨੀਅਤ ਦਾ ਸਿਰਨਾਵਾਂ
ਸਭ ਜਗ ਹੋਇਆ ਮਰਦ ਜਨਾਨੀ
ਬਾਕੀ ਸਭ ਛਾਵਾਂ ਪਰਛਾਵਾਂ ।'

(i) ਇਹ ਪੰਗਤੀਆਂ ਕਿਸ ਕਵੀ ਦੀਆਂ ਹਨ ਅਤੇ ਕਵਿਤਾ ਦਾ ਸਿਰਲੇਖ ਵੀ ਲਿਖੋ । 1

(ii) 'ਨੀਅਤ' ਦਾ ਸਿਰਨਾਵਾਂ ਦੱਸਣ ਤੋਂ ਕੀ ਭਾਵ ਹੈ ? 2

(iii) ਕਵੀ ਕਿਸ ਸਥਿਤੀ ਉੱਤੇ ਅਫਸੋਸ ਪਰਗਟ ਕਰਦਾ ਹੈ ? 1

(iv) ਕਵੀ ਕਿਹੜੇ ਸਮੇਂ ਨੂੰ ਯਾਦ ਕਰਦਾ ਹੈ ? 1